ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, (ਭ ਤੇ ਮ) ਸ਼ਾਖਾ, ਸਰਹਿੰਦ
Email:- eecdsirhindpwdpb@gmail.com Phone:- 01763-502516

ਸੇਵਾ ਵਿਖੇ,

Principal
Divine Light International School
Sirhind, Fatehgarh Sahib

ਮੀਮੋ ਨੰ. 2162 ਮਿਤੀ.17-07-2025

ਵਿਸ਼ਾ:- ਸਾਲ 2025-2026 ਲਈ Building Safety Certificate ਜਾਰੀ ਕਰਨ ਬਾਰੇ
ਹਵਾਲਾ:- ਆਪ ਦਾ ਪੱਤਰ ਨੰ.DLIS/2025/1372 ਮਿਤੀ 19.06.2025

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋ.ਨਿ.ਵਿ (ਭ ਤੇ ਮ) ਸ਼ਾਖਾ, ਸਰਹਿੰਦ ਵੱਲੋਂ ਕੀਤੀ ਗਈ ਰਿਪੋਰਟ ਮੁਤਾਬਿਕ ਸਾਲ 2025-2026 ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਦੇ ਤਹਿਤ ਜਾਰੀ ਕੀਤਾ ਜਾਂਦਾ ਹੈ:-

1) ਹੜ੍ਹ/ਭੂਚਾਲ ਤੋਂ ਪ੍ਰਭਾਵਿਤ ਹੋਣ ਦੀ ਸੂਰਤ ਵਿੱਚ ਬਿਲਡਿੰਗ ਨੂੰ ਮਹਿਕਮੇ ਤੋਂ ਦੁਬਾਰਾ ਚੈੱਕ ਕਰਵਾਇਆ ਜਾਵੇ।
2) ਜੇਕਰ School ਦੀ ਇਮਾਰਤ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਅਗਲੇ ਸਾਲ ਲਈ ਸਰਟੀਫਿਕੇਟ ਲੈਣ ਤੋਂ ਪਹਿਲਾਂ ਉਸ ਦਾ ਏਰੀਆ ਵਿੱਚ ਸ਼ਾਮਿਲ ਕਰ ਲਿਆ ਜਾਵੇ।
3) ਜੇਕਰ ਬਿਲਡਿੰਗ ਵਿੱਚ ਵਾਧਾ/ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦੀ ਸੇਫਟੀ ਸਬੰਧੀ ਸਰਟੀਫਿਕੇਟ ਇਸ ਵਿਭਾਗ ਤੋਂ ਦੁਬਾਰਾ ਪ੍ਰਾਪਤ ਕੀਤਾ ਜਾਵੇ।
4) ਇਸ ਬਿਲਡਿੰਗ ਦਾ Fire Safety Certificate ਇੰਚਾਰਜ ਫਾਇਰ ਸਟੇਸ਼ਨ, ਫਤਹਿਗੜ੍ਹ ਸਾਹਿਬ ਵੱਲੋਂ ਪੱਤਰ ਨੰ.505-112265-Fire/88157 ਮਿਤੀ 29.05.2025 ਰਾਹੀਂ ਇੱਕ ਸਾਲ ਲਈ ਦਿੱਤਾ ਗਿਆ ਹੈ। ਇਸ ਦੀ ਵੈਧਤਾ ਖਤਮ ਹੋਣ ਉਪਰੰਤ ਇਸ ਸਰਟੀਫਿਕੇਟ ਨੂੰ ਮੁੜ ਰੀਨਿਊ ਕਰਵਾਇਆ ਜਾਵੇ।
5) ਇਹ ਸਰਟੀਫਿਕੇਟ ਕਿਸੇ ਵੀ ਤਰ੍ਹਾਂ ਦੇ ਕਾਨੂੰਨੀ ਕੇਸਾਂ ਲਈ ਵੈਧ ਨਹੀਂ ਹੈ।
6) ਇਸ ਸਰਟੀਫਿਕੇਟ ਦੀ ਮਿਆਦ ਮਿਤੀ 31.03.2026 ਤੱਕ ਹੈ।

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ,ਲੋ.ਨਿ.ਵਿ
(ਭ ਤੇ ਮ) ਸ਼ਾਖਾ ਸਰਹਿੰਦ

ਪਿੱਠ ਅੰਕਣ ਨੰ. ਮਿਤੀ.

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ), ਸਰਹਿੰਦ ਨੂੰ ਉਹਨਾਂ ਵੱਲੋਂ ਪੱਤਰ ਨੰ.173, ਮਿਤੀ.14.07.2025 ਰਾਹੀਂ ਕੀਤੀ ਗਈ ਰਿਪੋਰਟ ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ,ਲੋ.ਨਿ.ਵਿ
(ਭ ਤੇ ਮ) ਸ਼ਾਖਾ ਸਰਹਿੰਦ